<u>ਪ੍ਰੈਸ ਨੋਟ</u>

ਮਾਨਯੋਗ ਸ਼੍ਰੀ ਸਰਤਾਜ ਸਿੰਘ ਚਾਹਲ ਆਈ.ਪੀ.ਐਸ.ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਜੀ ਵੱਲੋ ਦਿੱਤੇ ਦਿਸ਼ਾ ਨਿਰਦੇਸ਼ਾ ਅਤੇ ਸ਼੍ਰੀ ਮੁੱਖਤਿਆਰ ਰਾਏ ਪੀ.ਪੀ.ਐਸ,ਐਸ.ਪੀ ਇੰਨਵੈਸਟੀਗੇਸ਼ਨ ਹੁਸ਼ਿਆਰਪੁਰ ਦੀ ਰਹਿਨੁਮਾਈ ਹੇਠ ਨਸ਼ੀਲੀਆ ਵਸਤੂਆ ਦੀ ਸਮੱਗਲਿੰਗ ਕਰਨ ਵਾਲੇ ਵਿਅਕਤੀਆ ਦੇ ਖਿਲਾਫ ਮੁਹਿੰਮ ਸ਼ੁਰੂ ਕੀਤੀ ਗਈ।

ਇਸ ਮੁਹਿੰਮ ਤਹਿਤ ਸ਼੍ਰੀ ਪ੍ਰੇਮ ਕੁਮਾਰ ਡੀ.ਐਸ.ਪੀ ਸਬ-ਡਵੀਜਨ ਹੁਸ਼ਿਆਰਪੁਰ ਜੀ ਦੇ ਦਿਸ਼ਾ ਨਿਰਦੇਸ਼ਾ ਅਤੇ SI ਪ੍ਰਭਜੋਤ ਕੌਰ ਮੁੱਖ ਅਫਸਰ ਥਾਣਾ ਮੇਹਟੀਆਣਾ ਦੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਮਿਤੀ 11-06-2022 ਨੂੰ SI ਜਸਕਰਨ ਸਿੰਘ ਨੰ:115/ਹੁਸ਼ਿ: ਸਮੇਤ ਸਾਥੀ ਕਰਮਚਾਰੀਆਂ ਦੇ ਗਸ਼ਤ ਬਾ ਚੈਕਿੰਗ ਸ਼ੱਕੀ ਪੁਰਸ਼ਾ ਦੇ ਸਬੰਧ ਅੱਡਾ ਮੇਹਟੀਆਣਾ ਤੋ ਭੂੰਗਰਨੀ ਸਾਈਡ ਵੱਲ ਜਾ ਰਹੇ ਸੀ ਤਾਂ ਜਦ ਪੁਲਿਸ ਪਾਰਟੀ ਅੱਡਾ ਮੇਹਟੀਆਣਾ ਤੋ ਥੋੜਾ ਅੱਗੇ ਗਈ ਤਾਂ ਸੜਕ ਦੇ ਖੱਬੇ ਪਾਸੇ ਇੱਕ ਔਰਤ ਸ਼ੱਕੀ ਹਾਲਾਤ ਵਿੱਚ ਖੜੀ ਸੀ।ਜਿਸ ਦੇ ਪਾਸ ਜਾ ਕੇ SI ਜਸਕਰਨ ਸਿੰਘ ਨੇ ਗੱਡੀ ਰੋਕੀ ਤਾਂ ਪੁਲਿਸ ਪਾਰਟੀ ਨੂੰ ਦੇਖ ਕੇ ਉਸ ਔਰਤ ਨੇ ਯਕਦਮ ਘਬਰਾ ਕੇ ਆਪਣੇ ਸੱਜੇ ਹੱਥ ਵਿੱਚ ਫੜਿਆ ਮੋਮੀ ਲਿਫਾਫਾ ਥੱਲੇ ਸੁੱਟ ਦਿੱਤਾ ਤੇ ਉਸ ਔਰਤ ਨੂੰ ਮਹਿਲਾ ਕਰਮਚਾਰੀ ਦੀ ਮਦਦ ਨਾਲ ਕਾਬੂ ਕਰਕੇ ਉਸ ਦਾ ਨਾਮ,ਪਤਾ ਪੁੱਛਿਆ ਜਿਸ ਨੇ ਆਪਣਾ ਨਾਮ ਨੀਲਮ ਕੌਰ ਉਰਫ ਸੋਮਾ ਪਤਨੀ ਮੰਗਾ ਵਾਸੀ ਪਿੰਡ ਹਾਰਟਾ ਥਾਣਾ ਮੇਹਟੀਆਣਾ ਜਿਲ੍ਹਾ ਹੁਸ਼ਿਆਰਪੁਰ ਦੱਸਿਆ ਅਤੇ ਉਸ ਵੱਲੋ ਸੁੱਟੇ ਹੋਏ ਮੋਮੀ ਲਿਫਾਫਾ ਨੂੰ ਚੈਕ ਕੀਤਾ ਤਾਂ ਉਸ ਵਿੱਚੋ 20 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਹੋਇਆ ਹੈ।ਜਿਸ ਤੇ ਦੋਸ਼ਣ ਉਕਤ ਦੇ ਖਿਲਾਫ SI ਜਸਕਰਨ ਸਿੰਘ ਵੱਲੋ ਮੁਕੱਦਮਾ ਨੰ:51 ਮਿਤੀ 11-06-2022 ਅ/ਧ 22-61-85 ਐਨ.ਡੀ.ਪੀ.ਐਸ.ਐਕਟ ਥਾਣਾ ਮੇਹਟੀਆਣਾ ਦਰਜ ਰਜਿਸਟਰ ਕੀਤਾ ਗਿਆ।

<u>ਮੁਕੱਦਮਾ ਨੰ</u>:51 ਮਿਤੀ 11-06-2022 ਅ/ਧ 22-61-85 ਐਨ.ਡੀ.ਪੀ.ਐਸ.ਐਕਟ ਥਾਣਾ ਮੇਹਟੀਆਣਾ

<u>ਬਰਾਮਦਗੀ</u>:-20 ਗ੍ਰਾਮ ਨਸ਼ੀਲਾ ਪਦਾਰਥ